**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥੋਰਿਟੀ, ਪੰਜਾਬ**
**ਐਸ.ਸੀ.ਓ. ਨੰ : 104-106, ਦੂਜੀ ਮੰਜ਼ਿਲ, ਸੈਕਟਰ-34 ਏ, ਚੰਡੀਗੜ੍ਹ**

| ਟੈਲੀਫੋਨ | ਫੈਕਸ | ਈ-ਮੇਲ |
|---|---|---|
| 2621106 | 2624687 | teachertrg2009@gmail.com |


ਸੇਵਾ ਵਿਖੇ

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਐ.ਸਿ),
ਪੰਜਾਬ।

**ਮੀਮੋ ਨੰ:ਏਐਸਪੀਡੀ/ਟੀ.ਟੀ./2010/**
**ਮਿਤੀ, ਚੰਡੀਗੜ੍ਹ:**

**ਵਿਸ਼ਾ:** **ਸਾਲ 2010-11 ਲਈ ਸਰਵ ਸਿੱਖਿਆ ਅਭਿਆਨ ਅਧੀਨ ਸਕੂਲ ਗ੍ਰਾਂਟ, ਰਿਪੇਅਰ ਅਤੇ ਮੇਨਟੇਨੈਂਸ ਗ੍ਰਾਂਟ ਅਤੇ ਟੀ.ਐਲ.ਐਮ. ਗ੍ਰਾਂਟ ਦੀ ਵਰਤੋਂ ਸਬੰਧੀ।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਸਕੂਲ ਗਰਾਂਟ, ਰਿਪੇਅਰ ਤੇ ਮੇਨਟੇਨੈਂਸ ਗਰਾਂਟ ਅਤੇ ਟੀਚਰ/ ਟੀ.ਐਲ.ਐਮ. ਗਰਾਂਟ ਹਰ ਸਾਲ ਹਰ ਸਰਕਾਰੀ ਪ੍ਰਾਇਮਰੀ ਅਤੇ ਅੱਪਰ ਪ੍ਰਾਇਮਰੀ ਸਕੂਲ ਨੂੰ ਦਿੱਤੀ ਜਾਂਦੀ ਰਹੀ ਹੈ। ਸਕੂਲ ਗਰਾਂਟ ਅਤੇ ਟੀਚਰ/ ਟੀ.ਐਲ.ਐਮ. ਗਰਾਂਟ ਪ੍ਰਾਈਵੇਟ ਏਡਿਡ ਸਕੂਲਾਂ ਨੂੰ ਵੀ ਦਿੱਤੀ ਜਾ ਰਹੀ ਹੈ। ਇਹ ਸਾਰੀਆਂ ਗਰਾਂਟਾਂ ਰੈਕਰਿੰਗ ਨੇਚਰ ਦੀਆਂ ਹਨ।

2.0 ਵੱਖ-ਵੱਖ ਜ਼ਿਲ੍ਹਿਆਂ ਲਈ ਸਰਵ ਸਿੱਖਿਆ ਅਭਿਆਨ ਅਧੀਨ ਸਾਲ 2010-11 ਲਈ ਪ੍ਰਵਾਨ ਹੋਈ ਸਕੂਲ ਗਰਾਂਟ ਅਤੇ ਟੀਚਰ/ ਟੀ.ਐਲ.ਐਮ. ਗਰਾਂਟ **ਅਨੁਲੱਗ-ਅ** ਅਨੁਸਾਰ ਆਪ ਸਭ ਨੂੰ ਈ-ਟਰਾਂਸਫਰ ਕਰ ਦਿੱਤੀ ਗਈ ਹੈ। ਰਿਪੇਅਰ ਤੇ ਮੈਨਟੇਨੈਂਸ ਗਰਾਂਟ ਛੇਤੀ ਹੀ ਆਪ ਸਭ ਨੂੰ ਭੇਜ ਦਿੱਤੀ ਜਾਵੇਗੀ।

3.0 ਸਕੂਲ ਗਰਾਂਟ, ਟੀਚਰ, ਰਿਪੇਅਰ ਤੇ ਮੇਨਟੇਨੈਂਸ ਗ੍ਰਾਂਟ ਅਤੇ ਟੀ.ਐਲ.ਐਮ ਦੀ ਵਰਤੋਂ ਲਈ ਹੇਠ ਅਨੁਸਾਰ ਗਾਈਡ-ਲਾਈਨਜ਼ ਦਿੰਦਿਆਂ ਹੋਇਆਂ ਆਪ ਸਭ ਨੂੰ ਵਿਸ਼ੇਸ਼ ਤੌਰ ਤੇ ਬੇਨਤੀ ਕੀਤੀ ਜਾਂਦੀ ਹੈ ਕਿ ਇਹਨਾਂ ਗਰਾਂਟਾਂ ਦੀ ਜਲਦ ਤੋਂ ਜਲਦ ਉਚਿਤ ਵਰਤੋਂ ਕਰਕੇ ਸਕੂਲ ਦੀਆਂ ਲੋੜਾਂ ਨੂੰ ਪੂਰਾ ਕੀਤਾ ਜਾਵੇ।

(ੳ) **ਸਕੂਲ ਗਰਾਂਟ** : ਇਹ ਇੱਕ untied ਗ੍ਰਾਂਟ ਹੈ ਅਤੇ ਇਸ ਦੀ ਵਰਤੋਂ ਸਕੂਲ ਦੀ ਕਿਸੇ ਵੀ ਕਿਸਮ ਦੀ ਲੋੜ ਨੂੰ ਪੂਰਾ ਕਰਨ ਲਈ ਕੀਤੀ ਜਾ ਸਕਦੀ ਹੈ। ਉਦਾਹਰਣ ਦੇ ਤੌਰ ਤੇ ਬਲੈਕਬੋਰਡ, ਚਾੱਕ, ਡਸਟਰ, ਮੇਜ-ਕੁਰਸੀ ,ਟਾਟ-ਪੱਟੀ, ਬਿਜਲੀ ਦਾ ਸਮਾਨ ਭਾਵ ਬਲਬ, ਪੱਖੇ, ਬਿਜਲੀ ਦੀਆਂ ਤਾਰਾਂ/ ਸਵਿੱਚ, ਅਖ਼ਬਾਰ, ਡਿਸਪਲੇਅ ਬੋਰਡ, ਸੋਸ਼ਲ ਆੱਡਿਟ ਬੋਰਡ, ਸਫਾਈ ਦਾ ਸਮਾਨ (ਡਿਟਰਜੈਂਟ, ਫਿਨਾਇਲ, ਝਾੜੂ, ਟੁਆਇਲੈਟ ਬ੍ਰਸ਼, ਮੱਗ ਅਤੇ ਹੱਥ ਧੋਣ ਲਈ ਸਾਬਣ ਆਦਿ) ਜਾਂ ਸਕੂਲ ਦੇ ਟੁਆਇਲੈਟਸ ਅਤੇ ਸਕੂਲ ਬਿਲਡਿੰਗ ਨੂੰ ਸਾਫ ਕਰਨ ਲਈ ਪਾਰਟ ਟਾਈਮ ਸਫਾਈ ਕਰਮਚਾਰੀ ਰੱਖਣ ਲਈ ਕੀਤੀ ਜਾ ਸਕਦੀ ਹੈ।

(ਅ) **ਰਿਪੇਅਰ ਅਤੇ ਮੇਨਟੇਨੈਂਸ ਗ੍ਰਾਂਟ** : ਰਿਪੇਅਰ ਅਤੇ ਮੇਨਟੇਨੈਂਸ ਵੀ untied ਗ੍ਰਾਂਟ ਹੈ ਜਿਸ ਦੀ ਵਰਤੋਂ ਸਕੂਲ ਬਿਲਡਿੰਗ ਨੂੰ ਹਰ ਪੱਖੋਂ ਮੇਨਟੇਨ ਕਰਨ ਲਈ ਕੀਤੀ ਜਾ ਸਕਦੀ ਹੈ। ਮਿਸਾਲ ਦੇ ਤੌਰ ਤੇ ਸਕੂਲ ਵਿਚ ਰੰਗ ਰੋਗਨ ਕਰਵਾਉਣ, ਫਰਸ਼, ਬਿਲਡਿੰਗ ਜਾਂ ਖਿੜਕੀ-ਦਰਵਾਜਿਆਂ ਦੀ ਮੁਰੰਮਤ, ਬਿਜਲੀ ਦਾ ਕੰਮ, ਫਰਨੀਚਰ ਦੀ ਮੁਰੰਮਤ, ਪਾਰਟ ਟਾਈਮ ਸਵੀਪਰ ਰੱਖਣ ਜਾਂ ਅਜਿਹੀਆਂ ਹੋਰ ਕੋਈ ਸਕੂਲੀ ਲੋੜਾਂ ਦੀ ਪੂਰਤੀ ਲਈ ਇਸ ਦੀ ਵਰਤੋਂ ਕੀਤੀ ਜਾ ਸਕਦੀ ਹੈ।

(ੲ) **ਟੀ.ਐਲ.ਐਮ. ਗਰਾਂਟ** : ਇਸ ਗਰਾਂਟ ਦੀ ਵਰਤੋਂ ਅਧਿਆਪਕਾਂ ਦੁਆਰਾ ਟੀਚਿੰਗ ਲਰਨਿੰਗ ਏਡਜ਼ ਬਣਾਉਣ ਲਈ ਕਰਨੀ ਹੁੰਦੀ ਹੈ। ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ ਕਿ ਹਰ ਅਧਿਆਪਕ ਵਲੋਂ ਆਪਣੇ ਵਿਸ਼ੇ ਨੂੰ ਅਸਰਦਾਰ ਤਰੀਕੇ ਨਾਲ ਪੜ੍ਹਾਉਣ ਲਈ ਯੋਗ ਟੀ.ਐਲ.ਐਮ ਆਪ ਬਣਾਇਆ ਜਾਵੇ ਨਾ ਕਿ ਬਜ਼ਾਰ ਤੋਂ ਖਰੀਦਿਆ ਜਾਵੇ ਅਤੇ ਉਸ ਟੀ.ਐਲ.ਐਮ ਦਾ ਪੂਰਾ ਇਸਤੇਮਾਲ ਕੀਤਾ ਜਾਵੇ। ਇਹ ਵੀ ਧਿਆਨ ਰੱਖਿਆ ਜਾਵੇ ਕਿ ਇੱਕ ਵਿਸ਼ੇ ਦੇ **ਵੱਖ**-ਵੱਖ

ਅਧਿਆਪਕਾਂ ਵੱਲੋਂ ਬਣਾਇਆ ਗਿਆ ਟੀ.ਐਲ.ਐਮ. ਇਕ ਦੂਜੇ ਨਾਲ ਮੇਲ ਨਾ ਖਾਂਦਾ ਹੋਵੇ। ਜਿਥੋਂ ਤੱਕ ਸੰਭਵ ਹੋ ਸਕੇ ਸਕੂਲ ਦਾ ਹਰ ਅਧਿਆਪਕ ਦੂਜਿਆਂ ਨਾਲੋਂ ਕੁੱਝ ਵੱਖਰਾ ਅਤੇ ਨਵਾਂ ਟੀ.ਐਲ.ਐਮ ਤਿਆਰ ਕਰੇ। ਟੀ.ਐਲ.ਐਮ ਗ੍ਰਾਂਟ ਦੀ ਵਰਤੋ ਕਰਦੇ ਹੋਏ ਲੋੜੀਦੀਂ ਪੜ੍ਹਨ ਪੜ੍ਹਾਉਣ ਸਮੱਗਰੀ ਤਿਆਰ ਕਰਨ ਦਾ ਕੰਮ 15 ਅਗਸਤ, 2010 ਤੱਕ ਮੁਕੱਮਲ ਹੋ ਜਾਣਾ ਚਾਹੀਦਾ ਹੈ। ਬਣਾਏ ਗਏ ਟੀ.ਐਲ.ਐਮ. ਦੀ ਵਰਤੋਂ ਨਿਯਮਿਤ ਰੂਪ ਵਿਚ ਹਰੇਕ ਅਧਿਆਪਕ ਵੱਲੋਂ ਹਰ ਕਲਾਸ ਵਿਚ ਕੀਤੀ ਜਾਵੇਗੀ।

(ਸ) ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਸਕੂਲ ਅਤੇ ਬੱਚਿਆਂ ਦੀਆਂ ਲੋੜਾਂ ਨੂੰ ਪ੍ਰਾਥਮਿਕਤਾ ਦਿੰਦਿਆਂ ਹੋਇਆਂ ਸਕੂਲ ਪੱਧਰ ਦੀ ਹਰ ਗਰਾਂਟ ਪਸਵਕ ਵੱਲੋਂ ਮਤਾ ਪਾ ਕੇ ਨਿਯਮਾਂ ਅਨੁਸਾਰ ਖਰਚ ਕੀਤੀ ਜਾਵੇਗੀ ਅਤੇ ਗਰਾਂਟ ਨੂੰ ਵੱਧ ਤੋਂ ਵੱਧ ਇਕਨਾੱਮੀਕਲ ਤਰੀਕੇ ਨਾਲ ਖਰਚਿਆ ਜਾਵੇ।

(ਹ) ਅਕਾਂਉਂਟਸ (Accounts) ਅਤੇ ਐਸੇਟ ਰਜਿਸਟਰ (Asset Register) ਨਿਯਮਾਂ ਅਨੁਸਾਰ ਮੇਨਟੇਨ ਕੀਤੇ ਜਾਣਗੇ।

4.0 ਹਫਤਾਵਾਰੀ ਬਲਾਕ ਅਤੇ ਜਿਲ੍ਹਾ ਪੱਧਰ ਤੇ ਹੋਣ ਵਾਲੀਆਂ ਮੀਟਿੰਗਾਂ ਵਿੱਚ ਇਹਨਾਂ ਗ੍ਰਾਟਾਂ ਦੀ ਵਰਤੋਂ ਸਬੰਧੀ ਦਿਸ਼ਾ ਨਿਰਦੇਸ਼ ਦਿੱਤੇ ਜਾਣ ਅਤੇ ਖਰਚੀ ਗਈ ਰਾਸ਼ੀ ਦਾ ਰੀਵਿਊ ਜਰੂਰ ਕੀਤਾ ਜਾਵੇ।ਅੱਪਰ ਪ੍ਰਾਇਮਰੀ ਲਈ ਜਿਲ੍ਹਾ ਸਾਇੰਸ ਸੁਪਰਵਾਇਜ਼ਰ ਵਲੋਂ ਅਤੇ ਪ੍ਰਾਇਮਰੀ ਪੱਧਰ ਦੇ ਬੀ.ਐਮ.ਟੀ/ਸੀ.ਐਮ.ਟੀ. ਅਤੇ ਜਿਲ੍ਹਾ ਕੋਆਰਡੀਨੇਟਰਜ਼ ਵਲੋਂ ਟੀ.ਐਲ.ਐਮ ਦੀ ਰਾਸ਼ੀ ਸਮੇ ਸਿਰ ਖਰਚਣ ਲਈ ਇਸ ਦੀ ਮੁਨੀਟਰਿੰਗ ਕੀਤੀ ਜਾਵੇ।

5.0 ਉਪਰੋਕਤ ਅਨੁਸਾਰ ਕਾਰਵਾਈ ਯਕੀਨੀ ਬਣਾਈ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-**
**ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ**

**ਪਿਠਅੰਕਣ ਨੰ: ਏਐਸਪੀ.ਡੀ/ਟੀ.ਟੀ/2010/ 050367-387 ਮਿਤੀ:05.08.10**

ਇਸ ਦਾ ਉਤਾਰਾ ਨੂੰ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
2. ਸਮੂਹ ਸਕੂਲ ਮੁੱਖੀ ,ਪੰਜਾਬ (ਵੈਬ ਸਾਈਟ ਰਾਹੀ)
3. ਸਮੂਹ ਬੀ.ਪੀ.ਈ.ਓ.,ਪੰਜਾਬ (ਵੈਬ ਸਾਈਟ ਰਾਹੀ)
4. ਸਮੂਹ ਜਿਲ੍ਹਾ ਸਾਇੰਸ ਸੁਪਰਵਾਇਜ਼ਰ,ਪੰਜਾਬ (ਵੈਬ ਸਾਈਟ ਰਾਹੀ)
5. ਸਮੂਹ ਜਿਲ੍ਹਾ ਕੋਆਰਡੀਨੇਟਰਜ਼ ,ਪੰਜਾਬ (ਵੈਬ ਸਾਈਟ ਰਾਹੀ)
6. ਡੀ.ਐਮ.(ਐਮ.ਆਈ.ਐਸ) ਨੂੰ ਵੈਬ ਸਾਈਟ ਤੇ ਪਾਉਣ ਲਈ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-**
**ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ**

## ਅਨੁਲੱਗ 'ਅ'

| Sr.No | Name of the Districts | School Grant (Rs in Lacs) | | | | Teacher Grant (Rs in Lacs) | | | |
|---|---|---|---|---|---|---|---|---|---|
| | | School Grant (Primary) @ Rs 5000/- per school | | School Grant (Upper Primary) @ Rs 7000/- per school | | Primary | | Upper primary | |
| | | Phy | Fin | Phy | Fin | Phy. | Fin. | Phy. | Fin. |
| 1 | Amritsar | 853 | 42.65000 | 400 | 28.00000 | 2735 | 13.67500 | 2270 | 11.35000 |
| 2. | Barnala | 193 | 9.65000 | 118 | 8.26000 | 733 | 3.66500 | 644 | 3.22000 |
| 3 | Bathinda | 406 | 20.30000 | 270 | 18.90000 | 1592 | 7.96000 | 1631 | 8.15500 |
| 4 | Faridkot | 264 | 13.20000 | 162 | 11.34000 | 992 | 4.96000 | 939 | 4.69500 |
| 5 | Fatehgarh | 470 | 23.50000 | 227 | 15.89000 | 1107 | 5.53500 | 1059 | 5.29500 |
| 6 | Ferozepur | 1180 | 59.00000 | 447 | 31.29000 | 3056 | 15.28000 | 2397 | 11.98500 |
| 7 | Gurdaspur | 1559 | 77.95000 | 619 | 43.33000 | 3900 | 19.50000 | 3276 | 16.38000 |
| 8 | Hoshiarpur | 1310 | 65.50000 | 533 | 37.31000 | 3295 | 16.47500 | 2878 | 14.39000 |
| 9 | Jalandhar | 1019 | 50.95000 | 493 | 34.51000 | 3116 | 15.58000 | 2894 | 14.47000 |
| 10 | Kapurthala | 565 | 28.25000 | 272 | 19.04000 | 1521 | 7.60500 | 1256 | 6.28000 |
| 11 | Ludhiana | 1059 | 52.95000 | 572 | 40.04000 | 3440 | 17.20000 | 3409 | 17.04500 |
| 12 | Mansa | 325 | 16.25000 | 182 | 12.74000 | 1270 | 6.35000 | 797 | 3.98500 |
| 13 | Moga | 394 | 19.70000 | 245 | 17.15000 | 1775 | 8.87500 | 1218 | 6.09000 |
| 14 | Mohali | 436 | 21.80000 | 195 | 13.65000 | 1023 | 5.11500 | 1171 | 5.85500 |
| 15 | Mukatsar | 338 | 16.90000 | 208 | 14.56000 | 1336 | 6.68000 | 1149 | 5.74500 |
| 16 | Nawansher | 449 | 22.45000 | 231 | 16.17000 | 1420 | 7.10000 | 1018 | 5.09000 |
| 17 | Patiala | 1051 | 52.55000 | 416 | 29.12000 | 2609 | 13.04500 | 2269 | 11.34500 |
| 18 | Ropar | 581 | 29.05000 | 275 | 19.25000 | 1384 | 6.92000 | 1352 | 6.76000 |
| 19 | Sangrur | 692 | 34.60000 | 370 | 25.90000 | 2193 | 10.96500 | 1905 | 9.52500 |
| 20 | Tarantaran | 551 | 27.55000 | 279 | 19.53000 | 1739 | 8.69500 | 852 | 4.26000 |
| | **Total** | **13695** | **684.75000** | **6514** | **455.98000** | **40236** | **201.18000** | **34384** | **171.92000** |

ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-
ਸਟੇਟ ਪ੍ਰੋਜੈਕਟ ਡਾਇਰੈਕਟਰ
ਸਰਵ ਸਿੱਖਿਆ ਅਭਿਆਨ ਅਥਾਰਟੀ
ਪੰਜਾਬ, ਚੰਡੀਗੜ੍ਹ